ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**
**ਫੈਕਸ:0172-2624687 ਈ-ਮੇਲ parhopunjabssa@gmail.com**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ

**ਮੀਮੋ ਨੰ. ਏ.ਐਸ.ਪੀ.ਡੀ (ਮੀਡੀਆ)/ਐਸ.ਐਸ.ਏ./2011/90926-945**
**ਮਿਤੀ ਚੰਡੀਗੜ੍ਹ 11.11.2011**

**ਵਿਸ਼ਾ: ਪੜ੍ਹੋ ਪੰਜਾਬ ਦੀ ਮੱਧਵਰਤੀ ਜਾਂਚ 2011-12 ਲਈ ਹਦਾਇਤਾਂ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੜ੍ਹੋ ਪੰਜਾਬ ਪ੍ਰੋਗਰਾਮ ਜੋ ਕਿ ਪੰਜਾਬ ਸਰਕਾਰ ਦੁਆਰਾ ਸਮੁੱਚੇ ਪੰਜਾਬ ਰਾਜ ਅੰਦਰ ਚਲਾਇਆ ਜਾ ਰਿਹਾ ਹੈ। ਪੜ੍ਹੋ ਪੰਜਾਬ ਦੀ ਮੱਧਵਰਤੀ ਜਾਂਚ ਮਿਤੀ 14 ਨਵੰਬਰ ਤੋਂ 30 ਨਵੰਬਰ ਤੱਕ ਕੀਤੀ ਜਾਣੀ ਹੈ ਜਿਸ ਤਹਿਤ ਸਮੁੱਚੇ ਪੰਜਾਬ ਰਾਜ ਅੰਦਰ ਪੜ੍ਹੋ ਪੰਜਾਬ ਦੀ ਪ੍ਰਗਤੀ ਦਾ ਪਤਾ ਲਗਾਇਆ ਜਾਣਾ ਹੈ। ਮੱਧਵਰਤੀ ਜਾਂਚ ਨੂੰ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਹੇਠ ਲਿਖੀਆਂ ਗੱਲਾਂ ਤੇ ਧਿਆਨ ਦੇਣਾ ਯਕੀਨੀ ਬਣਾਇਆ ਜਾਵੇ ਜੀ:-

2.1 ਜਾਂਚ ਪੱਤਰ ਵਿੱਚ ਭਾਸ਼ਾ, ਗਣਿਤ, ਅੰਗਰੇਜ਼ੀ ਅਤੇ ਹਿੰਦੀ ਵਿਸ਼ਿਆਂ ਲਈ ਜਾਂਚ ਕਰਨ ਲਈ ਦਿੱਤੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

2.2 ਮੱਧਵਰਤੀ ਜਾਂਚ ਲਈ ਪੰਦਰਾਂ ਤਰ੍ਹਾਂ ਦੇ ਜਾਂਚ ਪੱਤਰ ਤਿਆਰ ਕੀਤੇ ਗਏ ਹਨ। ਜਾਂਚ ਦੌਰਾਨ ਸਟੇਟ ਵੱਲੋਂ ਸੂਚਿਤ ਕੀਤਾ ਗਿਆ ਜਾਂਚ ਪੱਤਰ ਨੰਬਰ ਹੀ ਵਰਤਿਆ ਜਾਵੇ।ਮੱਧਵਰਤੀ ਜਾਂਚ ਕਲੱਸਟਰ ਬਦਲ ਕੇ ਕੀਤੀ ਜਾਵੇਗੀ।

2.3 ਮੱਧਵਰਤੀ ਜਾਂਚ ਲਈ ਜੇ ਕਿਸੇ ਸਕੂਲ ਦੀ ਜਾਂਚ ਲਈ ਦੋ ਦਿਨ ਲਗਾਏ ਜਾਂਦੇ ਹਨ ਤਾਂ ਦੂਸਰੇ ਦਿਨ ਸਟੇਟ ਦੁਆਰਾ ਸੂਚਿਤ ਕੀਤੇ ਗਏ ਨਵੇਂ ਜਾਂਚ ਪੱਤਰ ਦਾ ਨੰਬਰ ਹੀ ਵਰਤਿਆ ਜਾਵੇਗਾ ਅਤੇ ਇਸ ਸਬੰਧੀ ਵਰਤੇ ਗਏ ਦੋਨੋਂ ਜਾਂਚ ਪੱਤਰਾਂ ਦੇ ਨੰਬਰ ਵਿਜ਼ਟ ਬੁੱਕ ਵਿਚ ਲਿਖੇ ਜਾਣ।

2.4 ਜਮਾਤ ਨੂੰ ਜਾਂਚ ਕਰਨ ਲਈ ਮਹਿਲ ਜਮਾਤ ਚੌਥੀ ਅਤੇ ਪੰਜਵੀਂ ਜਮਾਤ ਦੀ ਜਾਂਚ ਅਖੀਰ 'ਚ ਕਰਨੀ ਹੈ। ਜੇਕਰ ਦੋ ਦਿਨ ਲਗਦੇ ਹਨ ਤਾਂ ਚੌਥੀ ਪੰਜਵੀਂ ਦੂਸਰੇ ਦਿਨ ਜਾਂਚ ਕੀਤੀ ਹੈ।

2.5 ਸੀ.ਐਮ.ਟੀ. ਦੇ ਨਾਲ ਪੀ.ਸੀ.ਸੀ. ਦੀ ਡਿਊਟੀ ਲਗਾਉਣ ਸਬੰਧੀ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਅਤੇ ਪ੍ਰਥਮ ਜ਼ਿਲ੍ਹਾ ਕੋਆਰਡੀਨੇਟਰ ਮਿਲ ਕੇ ਪਲੈਨਿੰਗ ਕਰਨਗੇ।

2.6 ਜਾਂਚ ਪੱਤਰ ਦੀ ਗੁਪਤਤਾ ਦੀ ਜ਼ਿੰਮੇਵਾਰੀ ਹਰ ਪੱਖੋਂ ਸੀ.ਐਮ.ਟੀ/ਬੀ.ਐਮ.ਟੀ., ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਅਤੇ ਜ਼ਿਲ੍ਹਾ ਕੋਆਰਡੀਨੇਟਰ ਦੀ ਹੋਵੇਗੀ।

2.7 ਬੀ.ਐਮ.ਟੀ., ਸੀ.ਐਮ.ਟੀ. ਦੁਆਰਾ ਮੁਲਾਂਕਣ ਕੀਤੇ ਬੱਚਿਆਂ ਦੀ ਰੈਨਡਿੰਮਲੀ ਟੈਸਟ ਜ਼ਰੂਰ ਕਰਦਾ ਰਹੇ ਅਤੇ ਆਪਣੇ ਪੱਧਰ ਤੇ ਰਿਪੋਰਟ ਵੀ ਤਿਆਰ ਜ਼ਰੂਰ ਕਰਦਾ ਰਹੇਗਾ। ਜੇਕਰ ਕਿਤੇ ਗਲ਼ਤ ਟੈਸਟਿੰਗ ਹੋਈ ਹੋਵੇ ਤਾਂ ਜ਼ਿਲ੍ਹਾ ਕੋਆਰਡੀਨੇਟਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਦੁਬਾਰਾ ਟੈਸਟਿੰਗ ਕੀਤੀ ਜਾਵੇ।

2.8 ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਰੈਨਡਿੰਮਲੀ ਸਕੂਲ ਚੁਣ ਕੇ ਬੱਚੇ ਟੈਸਟ ਕਰਦੇ ਰਹਿਣਗੇ ਅਤੇ ਬਕਾਇਦਾ ਇਸ ਦੀ ਰਿਪੋਰਟ ਤਿਆਰ ਕੀਤੀ ਜਾਵੇਗੀ।

2.9 ਜ਼ਿਲ੍ਹਾ ਕੋਆਰਡੀਨੇਟਰ ਪ੍ਰਥਮ ਵੱਲੋਂ (ਬਦਲਵੇਂ ਜ਼ਿਲ੍ਹਿਆਂ ਵਿਚ) ਘੱਟੋ ਘੱਟ 10 ਸਕੂਲਾਂ ਦੇ ਸਾਰੇ ਬੱਚਿਆਂ ਦੀ ਟੈਸਟਿੰਗ ਕੀਤੀ ਜਾਣੀ ਹੈ। ਅਤੇ ਇਸ ਦੀ ਇਕ ਰਿਪੋਰਟ ਵੱਖਰੇ ਤੌਰ ਤੇ ਤਿਆਰ ਕੀਤੀ ਜਾਵੇਗੀ। ਤਾਂ ਜੋ ਔਸਤ ਨਤੀਜਿਆਂ ਦਾ ਪਤਾ ਲਗਾਇਆ ਜਾ ਸਕੇ। ਪ੍ਰਥਮ ਜ਼ਿਲ੍ਹਾ ਕੋਆਰਡੀਨੇਟਰ ਹਰ ਰੋਜ਼ ਇਸ ਸਬੰਧੀ ਰਿਪੋਰਟ ਪ੍ਰਥਮ ਸਟੇਟ ਕੋਆਰਡੀਨੇਟਰ ਮਿਸ ਨੀਤੂ ਨੂੰ ਕਰਨਗੇ। ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਡ ਟੈੱਸਟ ਦੌਰਾਨ ਪੀ.ਸੀ.ਸੀ/ਸੀ ਐੱਮ ਟੀ ਸਹਾਇਤਾ ਕਰਨਗੇ ਰੈਡਮ ਟੇਸਟਿੰਗ ਕਰਨ ਲਈ ਪੀ.ਡੀ.ਸੀ ਆਪਣੇ ਨਾਲ ਸਿਰਫ ਪੀ.ਬੀ.ਸੀ ਨੂੰ ਲਿਜਾ ਸਕਦਾ ਹੈ ।

2.10 ਇਸ ਗੱਲ ਦਾ ਜ਼ਰੂਰ ਧਿਆਨ ਰੱਖਿਆ ਜਾਵੇਗਾ ਕਿ ਬੀ.ਐਮ.ਟੀ., ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਅਤੇ ਪ੍ਰਥਮ ਜ਼ਿਲ੍ਹਾ ਕੋਆਰਡੀਨੇਟਰ ਇਕ ਸਕੂਲ ਦੇ ਬੱਚਿਆਂ ਨੂੰ ਦੁਬਾਰਾ ਟੈਸਟ ਨਹੀਂ ਕਰਨਗੇ।

2.11 ਇਸ ਗੱਲ ਦਾ ਵੀ ਪੂਰਨ ਧਿਆਨ ਰੱਖਿਆ ਜਾਵੇ ਕਿ ਪ੍ਰਥਮ ਜ਼ਿਲ੍ਹਾ ਕੋਆਰਡੀਨੇਟਰ, ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਅਤੇ ਬੀ.ਐਮ.ਟੀ. ਵੱਲੋਂ ਇਕ ਕਲੱਸਟਰ ਦੇ ਇੱਕ ਹੀ ਸਕੂਲ ਵਿੱਚ ਰੈਡੰਮ ਟੈਸਟਿੰਗ ਕੀਤੀ ਜਾਵੇਗੀ।ਜਿਹੜੇ ਜ਼ਿਲ੍ਹਿਆਂ ਵਿੱਚ ਬੱਚਿਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਬੀ.ਐਮ.ਟੀ ਵੱਲੋਂ ਵੀ ਟੈਸਟਿੰਗ ਕੀਤੀ ਜਾਂਦੀ ਹੈ। ਘੱਟ ਤੋਂ ਘੱਟ ਪਹਿਲੇ ਤਿੰਨ ਦਿਨ ਬੀ.ਐਮ.ਵੱਲੋ ਰੈਡਮ ਟੈਸਟਿੰਗ ਕੀਤੀ ਜਾਵੇ ਤਾਂ ਜੋ ਪਤਾ ਲੱਗ ਸਕੇ ਕਿ ਉਸ ਦੇ ਸੀ.ਐਮ.ਟੀ ਠੀਕ ਟੈਸਟਿੰਗ ਕਰ ਰਹੇ ਹਨ।

2.12 ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ, ਬੀ.ਐਮ.ਟੀ. ਅਤੇ ਪ੍ਰਥਮ ਜ਼ਿਲ੍ਹਾ ਕੋਆਰਡੀਨੇਟਰ ਵੱਲੋਂ ਕੋਸ਼ਿਸ਼ ਇਹ ਕੀਤੀ ਜਾਵੇਗੀ ਕਿ ਹਰੇਕ ਬਲਾਕ ਵਿਚੋਂ ਘੱਟੋ-ਘੱਟ ਇਕ ਇਕ ਸਕੂਲ ਦੇ ਸਾਰੇ ਬੱਚਿਆਂ ਦਾ ਜ਼ਰੂਰ ਨਿਰੀਖਣ ਹੋ ਜਾਵੇ।

2.13 ਸਕੂਲ ਅਧਿਆਪਕ ਕੋਲ ਕਿਸੇ ਵੀ ਹਾਲਤ ਵਿੱਚ ਜਾਂਚ-ਪੱਤਰ ਨਹੀਂ ਹੋਣਾ ਚਾਹੀਦਾ।ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਲਈ ਸਬੰਧਤ ਸੀ.ਐਮ.ਟੀ. ਜ਼ਿੰਮੇਵਾਰ ਹੋਵੇਗਾ।

2.14 ਕਿਸੇ ਵੀ ਟੈਸਟਿੰਗ ਟੂਲ ਦੀ ਫੋਟੋਸਟੇਟ ਕਾਪੀ ਨਹੀਂ ਕਰਵਾਈ ਜਾਵੇਗੀ। ਜੇਕਰ ਲੋੜ ਪਵੇ ਤਾਂ ਸੀ.ਐਮ.ਟੀ./ਬੀ.ਐਮ.ਟੀ. ਇਸ ਸਬੰਧੀ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਨੂੰ ਕਹੇਗਾ ਅਤੇ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਇਸ ਸਬੰਧੀ ਸਟੇਟ ਨੂੰ ਤੁਰੰਤ ਸੂਚਿਤ ਕਰੇਗਾ ਕਿ ਉਸ ਨੇ ਟੈਸਟਿੰਗ ਟੂਲ ਦੀਆਂ ਕਿੰਨੀਆਂ ਕਾਪੀਆਂ ਦੀ ਫੋਟੋਸਟੇਟ ਕਰਵਾਈ ਹੈ।

2.15 ਜਿਸ ਸਕੂਲ ਵਿੱਚ ਸੀ.ਐਮ.ਟੀ. ਵੱਲੋਂ ਬੱਚਿਆਂ ਦੀ ਟੈਸਟਿੰਗ ਕੀਤੀ ਜਾਣੀ ਹੈ। ਉਸ ਸਬੰਧ ਵਿੱਚ ਅਧਿਆਪਕ ਨੂੰ ਇਸ ਗੱਲ ਦੀ ਅਗੇਤੀ ਜਾਣਕਾਰੀ ਦਿੱਤੀ ਜਾਵੇ ਕਿ ਤੁਹਾਡੇ ਸਕੂਲ ਅੰਦਰ ਇਸ ਮਿਤੀ ਨੂੰ ਬੱਚਿਆਂ ਦੀ ਪੜ੍ਹੋ ਪੰਜਾਬ ਦੀ ਠ!ਣਡਗ੍ਰਜ਼ ਹਰੁਫ ਕੀਤੀ ਜਾਣੀ ਹੈ। ਤਾਂ ਜੋ ਅਧਿਆਪਕ ਉਸ ਦਿਨ ਬੱਚਿਆਂ ਨੂੰ ਗੈਰਹਾਜ਼ਰ ਨਾ ਹੋਣ ਦੇਵੇ ਕਿਉਂਕਿ ਗੈਰਹਾਜ਼ਰ ਬੱਚਿਆਂ ਕਾਰਨ ਸਕੂਲ ਦਾ ਨਤੀਜਾ ਪ੍ਰਭਾਵਿਤ ਹੋ ਸਕਦਾ ਹੈ।

2.16 ਕਿਸੇ ਵੀ ਸਕੂਲ ਵਿਚ ਦੁਬਾਰਾ ਟੈਸਟਿੰਗ ਨਹੀਂ ਹੋਵੇਗੀ। ਬੱਚਿਆਂ ਦੀ 100% ਹਾਜ਼ਰੀ ਸਬੰਧੀ ਅਧਿਆਪਕ ਅਤੇ ਅਗੇਤੀ ਜਾਣਕਾਰੀ ਦੇਣ ਦੀ ਜੁੰਮੇਵਾਰੀ ਸੀ.ਐਮ.ਟੀ./ ਬੀ.ਐਮ.ਟੀ. ਦੀ ਹੋਵੇਗੀ। ਜੇਕਰ ਬੱਚਿਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਦੋ ਦਿਨ ਟੈਸਟਿੰਗ ਕੀਤੀ ਜਾਂਦੀ ਹੈ ਤਾਂ ਜਿਹੜੇ ਬੱਚੇ ਪਹਿਲੇ ਦਿਨ ਗੈਰਹਾਜ਼ਰ ਸਨ ਉਹਨਾਂ ਦੀ ਟੇਸਟਿੰਗ ਕੀਤੀ ਜਾਣੀ ਹੈ। ਪਰ ਬੱਚੇ ਦੇ ਨਾਂ ਦੇ ਸਾਹਮਣੇ ਮਿਤੀ ਜਰੂਰ ਕੀਤੀ ਜਾਵੇ।

2.17 ਟੈਸਟਿੰਗ ਦੌਰਾਨ ਇਸ ਗੱਲ ਨੂੰ ਵੀ ਜ਼ਰੂਰ ਧਿਆਨ ਵਿੱਚ ਰੱਖਿਆ ਜਾਵੇਗਾ ਕਿ ਭਾਸ਼ਾ ਦੀ ਟੈਸਟਿੰਗ ਸਮੇਂ ਹਰ ਬੱਚੇ ਲਈ ਟੈਸਟਿੰਗ ਪੈਰੇ ਤੋਂ ਸ਼ੁਰੂ ਕੀਤੀ ਜਾਵੇ ਅਤੇ ਗਣਿਤ ਵਿੱਚ ਘਟਾਓ ਦੇ ਸਵਾਲ ਦੇਣ ਤੋਂ ਪਹਿਲਾਂ ਬੱਚੇ ਤੋਂ ਸੰਖਿਆ ਪਹਿਚਾਣ ਕਰਵਾਉਣੀ ਜ਼ਰੂਰੀ ਹੋਵੇਗੀ। ਉਸ ਤ" ਬਾਅਦ ਬੱਚੇ ਦੀ ਟੈਸਟਿੰਗ ਘਟਾਓ ਤੋਂ ਸ਼ੁਰੂ ਕੀਤੀ ਜਾਵੇਗੀ। ਹਰੇਕ ਬੱਚੇ ਤੋਂ ਸਿੱਧੇ ਪਹਾੜੇ ਸੁਣੇ ਜਾਣਗੇ।

2.18 ਜਾਂਚ ਪੱਤਰ ਵਿਚ ਜੋ ਬੱਚੇ ਦੀ ਜਾਂਚ ਕਰਨ ਲਈ ਲਿਖਿਆ ਗਿਆ ਹੈ ਉਸ ਅਨੁਸਾਰ ਹੀ ਬੱਚੇ ਦੀ ਜਾਂਚ ਕੀਤੀ ਜਾਵੇ ਜੀ। ਆਪਣੀ ਪੱਧਰ ਤੇ ਕੋਈ ਵੀ ਜਾਂਚ ਦਾ ਤਰੀਕਾ ਨਹੀਂ ਅਪਣਾਇਆ ਜਾਵੇਗਾ।

2.19 **ਲਿਖਣ ਦੀ ਜਾਂਚ**:- ਜਾਂਚ ਪੱਤਰ ਦੇ ਸਭ ਤੋਂ ਪਿਛਲੇ ਪੰਨੇ ਤੇ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਦੀ ਲਿਖਣ ਦੀ ਜਾਂਚ ਕਰਨ ਲਈ ਸ਼ਬਦ ਅਤੇ ਵਾਕ ਦਿੱਤੇ ਗਏ ਹਨ। ਲਿਖਣ ਦੀ ਜਾਂਚ ਕਰਦੇ ਸਮੇ ਇਹਨਾਂ ਵਿੱਚੋਂ ਹੀ ਸ਼ਬਦ, ਵਾਕ ਬੱਚਿਆਂ ਨੂੰ ਲਿਖਣ ਲਈ ਬੋਲੇ ਜਾਣ ।

(ੳ) ਅੰਗਰੇਜ਼ੀ :-

ਪਹਿਲੀ ਜਮਾਤ - ਟੈਸਟਿੰਗ ਟੂਲ ਵਿੱਚ ਪੜ੍ਹਨ ਲਈ ਦਿੱਤੇ ਗਏ Letters **ਵਿੱਚੋਂ ਪੰਜ** Letters ਲਿਖਣ ਲਈ ਬੋਲੇ ਜਾਣ। ਜੇਕਰ ਬੱਚਾ ਤਿੰਨ ਠੀਕ ਲਿਖਦਾ ਹੈ ਤਾਂ ਲਿਖ ਸਕਦਾ ਟਿੱਕ ਕੀਤਾ ਜਾਵੇਗਾ।

ਦੂਜੀ ਜਮਾਤ - ਟੈਸਟਿੰਗ ਟੂਲ ਦੇ ਲਿਖਣ ਵਾਲੇ ਭਾਗ ਵਿੱਚ ਦਿੱਤੇ ਗਏ 3 Letters ਵਾਲੇ words ਵਿੱਚੋਂ ਪੰਜ word ਬੋਲੇ ਜਾਣਗੇ ਜੇਕਰ ਬੱਚਾ ਤਿੰਨ ਠੀਕ ਲਿਖਦਾ ਹੈ ਤਾਂ ਲਿਖ ਸਕਦਾ ਟਿੱਕ ਕੀਤਾ ਜਾਵੇਗਾ।

ਤੀਜੀ ਜਮਾਤ - ਟੈਸਟਿੰਗ ਟੂਲ ਦੇ ਲਿਖਣ ਵਾਲੇ ਭਾਗ ਵਿੱਚ ਦਿੱਤੇ ਗਏ 4-5 Letters ਵਾਲੇ 5 word ਬੋਲੇ ਜਾਣਗੇ। ਜੇਕਰ ਬੱਚਾ 3 ਠੀਕ ਲਿਖਦਾ ਹੈ ਤਾਂ ਲਿਖ ਸਕਦਾ ਟਿੱਕ ਕੀਤਾ ਜਾਵੇਗਾ।

ਚੌਥੀ ਜਮਾਤ - ਟੈਸਟਿੰਗ ਟੂਲ ਦੇ ਲਿਖਣ ਵਾਲੇ ਭਾਗ ਵਿੱਚ ਦਿੱਤੇ ਗਏ 4-5 word ਵਾਲਾ ਇੱਕ Sentence ਬੋਲਿਆ ਜਾਵੇਗਾ। ਜੇਕਰ ਬੱਚਾ ਠੀਕ ਲਿਖਦਾ ਹੈ ਜਾਂ ਇੱਕ ਗਲਤੀ ਕਰਦਾ ਹੈ ਤਾਂ ਲਿਖ ਸਕਦਾ ਟਿੱਕ ਕੀਤਾ ਜਾਵੇਗਾ।

ਪੰਜਵੀਂ ਜਮਾਤ- ਟੈਸਟਿੰਗ ਟੂਲ ਦੇ ਲਿਖਣ ਵਾਲੇ ਭਾਗ ਵਿੱਚ ਦਿੱਤੇ ਗਏ 5-6 word ਵਾਲਾ ਇੱਕ Sentence ਬੋਲਿਆ ਜਾਵੇਗਾ। ਜੇਕਰ ਬੱਚਾ ਠੀਕ ਲਿਖਦਾ ਹੈ ਜਾਂ ਇੱਕ ਗਲਤੀ ਕਰਦਾ ਹੈ ਤਾਂ ਲਿਖ ਸਕਦਾ ਟਿੱਕ ਕੀਤਾ ਜਾਵੇਗਾ।

(ਅੰਗਰੇਜ਼ੀ ਦੀ ਟੈਸਟਿੰਗ ਕਰਨ ਲਈ ਹਦਾਇਤਾਂ ਨਾਲ ਨੱਥੀ ਹਨ।)

ਪੰਜਾਬੀ

ਪਹਿਲੀ ਜਮਾਤ - ਟੈਸਟਿੰਗ ਟੂਲ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਕੋਈ ਪੰਜ ਸ਼ਬਦ ਸੀ.ਐਮ.ਟੀ ਵੱਲੋਂ ਬੋਲੇ ਜਾਣਗੇ। ਜੇਕਰ ਬੱਚਾ 3 ਠੀਕ ਲਿਖਦਾ ਹੈ ਤਾਂ ਲਿਖ ਸਕਦਾ ਟਿੱਕ ਕੀਤਾ ਜਾਵੇਗਾ।

ਦੂਜੀ ਜਮਾਤ - ਟੈਸਟਿੰਗ ਟੂਲ ਵਿੱਚ ਦਿੱਤੇ ਗਏ ਵਾਕਾਂ ਵਿੱਚੋਂ ਸਭ ਤੋਂ ਸੌਖਾ ਇੱਕ ਵਾਕ ਸੀ.ਐਮ.ਟੀ ਵੱਲੋਂ ਬੋਲਿਆ ਜਾਵੇਗਾ। ਜੇਕਰ ਬੱਚਾ ਦੋ ਜਾਂ ਦੋ ਤੋਂ ਘੱਟ ਗਲਤੀਆ ਕਰਦਾ ਹੈ ਤਾਂ ਲਿਖ ਸਕਦਾ ਟਿੱਕ ਕੀਤਾ ਜਾਵੇਗਾ।

ਤੀਜੀ ਤੋਂ ਪੰਜਵੀਂ ਜਮਾਤ - ਟੈਸਟਿੰਗ ਟੂਲ ਵਿੱਚ ਦਿੱਤੇ ਗਏ ਵਾਕਾਂ ਵਿੱਚੋਂ ਦੋ ਵਾਕ ਸੀ.ਐਮ.ਟੀ ਵੱਲੋਂ ਬੋਲੇ ਜਾਣਗੇ। ਜੇਕਰ ਬੱਚਾ ਦੋ ਜਾਂ ਦੋ ਤੋਂ ਘੱਟ ਗਲਤੀਆ ਕਰਦਾ ਹੈ ਤਾਂ ਲਿਖ ਸਕਦਾ ਟਿੱਕ ਕੀਤਾ ਜਾਵੇਗਾ।( ਪੰਜਾਬੀ ਵਿੱਚ ਲਗਾਂ ਮਾਤਰਾ ਅਤੇ ਅੱਖਰ ਦੀ ਗਲਤੀ ਨੂੰ ਅਲੱਗ-ਅਲੱਗ ਮੰਨਿਆ ਜਾਵੇਗਾ।

ਹਿੰਦੀ

ਚੌਥੀ ਜਮਾਤ - ਟੈਸਟਿੰਗ ਟੂਲ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਕੋਈ ਪੰਜ ਸ਼ਬਦ ਸੀ.ਐਮ.ਟੀ ਵੱਲੋਂ ਬੋਲੇ ਜਾਣਗੇ। ਜੇਕਰ ਬੱਚਾ 3 ਠੀਕ ਲਿਖਦਾ ਹੈ ਤਾਂ ਲਿਖ ਸਕਦਾ ਟਿੱਕ ਕੀਤਾ ਜਾਵੇਗਾ।

ਪੰਜਵੀਂ ਜਮਾਤ- ਟੈਸਟਿੰਗ ਟੂਲ ਵਿੱਚ ਦਿੱਤੇ ਗਏ ਵਾਕਾਂ ਵਿੱਚੋਂ ਦੋ ਵਾਕ ਸੀ.ਐਮ.ਟੀ ਵੱਲੋਂ ਬੋਲੇ ਜਾਣਗੇ।ਇੱਕ ਵਾਕ ਵਿੱਚ ਇੱਕ ਗਲਤੀ ਦੀ ਛੋਟ ਦਿੱਤੀ ਜਾਵੇਗੀ ਜੇਕਰ ਬੱਚਾ ਇੱਕ ਵਾਕ ਵਿੱਚ ਇੱਕ ਗਲਤੀ ਤੋਂ ਵੱਧ ਜਾਂ ਸ਼ਬਦ ਸਕਿਪ ਕਰਦਾ ਹੈ ਤਾਂ ਨਹੀਂ ਲਿਖ ਸਕਦਾ ਟਿੱਕ ਕੀਤਾ ਜਾਵੇਗਾ।

ਗਣਿਤ

ਗਣਿਤ ਦੀ ਟੈਸਟਿੰਗ ਪਹਿਲਾਂ ਦੀ ਤਰਾਂ ਹੀ ਹੈ ਸਿਰਫ ਗੁਣਾ ਦੇ ਪੱਧਰ ਨੂੰ ਪਰੋਸੈਸ ਵਿੱਚ ਲਿਆਂਦਾ ਗਿਆ ਹੈ। ਜੇਕਰ ਬੱਚਾ ਗੁਣਾ ਦੇ ਸਵਾਲ ਠੀਕ ਕਰਦਾ ਹੈ ਤਾਂ ਹੀ ਭਾਗ ਦੇ ਸਵਾਲ ਕਰਨ ਲਈ ਦਿੱਤੇ ਜਾਣਗੇ।

2.20 ਇੱਕ ਅਕਤੂਬਰ 2011 ਨੂੰ ਜਿਹੜੇ_ਬੱਚੇ ਹਾਜ਼ਰੀ ਰਜਿਸਟਰ ਵਿੱਚ ਦਰਜ ਹਨ। ਉਹਨਾਂ ਸਾਰਿਆਂ ਬੱਚਿਆਂ ਨੂੰ ਮੱਧ ਵਰਤੀ ਜਾਂਚ ਵਿੱਚ ਹਰ ਹਾਲਤ ਵਿੱਚ ਸ਼ਾਮਲ ਕਰਨਾ ਹੈ। ਜੇਕਰ ਸਕੂਲ ਵਿੱਚ ਮੱਧਵਰਤੀ ਜਾਂਚ ਵਾਲੇ ਦਿਨ ਬੱਚੇ ਸਕੂਲ ਵਿਚੋਂ ਗੈਰਹਾਜ਼ਰ ਰਹਿੰਦੇ ਹਨ ਤਾਂ ਉਹਨਾਂ ਨੂੰ ਬੇਸਲਾਇਨ ਵਾਲੇ ਪੱਧਰ ਜਿਸ ਤੇ ਉਹ ਪੜ੍ਹੋ ਪੰਜਾਬ

ਰਜਿਸਟਰ ਤੇ ਹਨ, ਤੇ ਹੀ ਰੱਖ ਕੇ ਸਕੂਲ ਦਾ ਨਤੀਜਾ ਤਿਆਰ ਕੀਤਾ ਜਾਵੇਗਾ। (ਪੜ੍ਹੋ ਪੰਜਾਬ ਦੇ ਰਜਿਸਟਰ ਵਿੱਚ ਸਭ ਤੋਂ ਪਹਿਲਾਂ ਮਈ ਮਹੀਨੇ ਵਿੱਚ ਜਿੰਨਾ ਬੱਚਿਆਂ ਦਾ ਬੇਸਲਾਈਨ ਹੋਇਆ ਹੈ । ਉਹ ਸਾਰੇ ਬੱਚੇ ਦਰਜ ਹੋਣਗੇ ਅਤੇ ਉਸ ਤੋਂ ਬਾਅਦ ਹੁਣ ਤੱਕ ਜਿੰਨੇ ਵੀ ਨਵੇਂ ਬੱਚੇ ਦਾਖਲ ਹੋਏ ਹਨ ਉਹ ਸਾਰੇ ਦਰਜ ਹੋਣਗੇ।

2.21 ਲੰਮੀ ਗੈਰਹਾਜ਼ਰੀ ਵਾਲੇ ਬੱਚਿਆਂ ਨੂੰ ਬੇਸਲਾਇਨ ਪੱਧਰ ਤੇ ਰੱਖ ਕੇ ਹੀ ਨਤੀਜਾ ਤਿਆਰ ਕੀਤਾ ਜਾਣਾ ਹੈ।

2.22 ਨਵੇਂ ਦਾਖਲ ਹੋਏ ਬੱਚੇ (ਗਰਮੀਆਂ ਦੀਆਂ ਛੁਟੀਆਂ ਤੋਂ ਬਾਅਦ) ਜਿੰਨਾਂ ਦੀ ਬੇਸਲਾਇਨ ਨਹੀਂ ਹੋਈ ਹੈ ਜੇਕਰ ਟੈਸਟਿੰਗ ਵਾਲੇ ਦਿਨ ਇਹ ਬੱਚੇ ਗੈਰਹਾਜ਼ਰ ਰਹਿੰਦੇ ਹਨ ਤਾਂ ਇਹਨਾਂ ਦਾ ਪੱਧਰ ਆਰੰਭਿਕ ਮੰਨਿਆ ਜਾਵੇਗਾ।

2.23 ਹਾਜ਼ਰ, ਗੈਰਹਾਜ਼ਰ ਬੱਚਿਆਂ ਦੀ ਕੁੱਲ ਗਿਣਤੀ ਦਾ ਜਾਂਚ ਪੱਧਰ ਤੇ ਮਿਲਾਣ ਵਿੱਚ ਕੋਈ ਫ਼ਰਕ ਨਹੀਂ ਆਉਣਾ ਚਾਹੀਦਾ। ਨਤੀਜਾ ਕਲੱਸਟਰ, ਬਲਾਕ, ਜ਼ਿਲ੍ਹੇ ਦਾ ਇਕੋ ਤਰਤੀਬ ਅਨੁਸਾਰ ਹੋਣਾ ਚਾਹੀਦਾ ਹੈ।

2.24 ਸਕੂਲ ਦਾ ਨਤੀਜਾ ਤਿਆਰ ਕਰਨ ਤੋਂ ਬਾਅਦ ਸੀ.ਐਮ.ਟੀ. ਇਸ ਨੂੰ ਵਿਜ਼ਟਰ ਬੁੱਕ ਤੇ ਪੰਜ ਕਾਲਮ ਬਣਾ ਕੇ ਟੈਸਟ ਕੀਤੇ ਗਏ ਸਕੂਲ, ਸਕੂਲ ਦੇ ਕੁੱਲ ਬੱਚੇ, ਕੁੱਲ ਬੱਚਿਆਂ ਦੀ ਗਿਣਤੀ, ਬੇਸਲਾਇਨ, ਮੱਧਵਰਤੀ ਜਾਂਚ ਦਾ ਨਤੀਜਾ ਪੂਰਾ ਚਾਰਟ ਬਣਾ ਕੇ ਦਿੱਤਾ ਜਾਵੇਗਾ। ਬੇਸਲਾਇਨ ਅਤੇ ਮੱਧਵਰਤੀ ਜਾਂਚ ਦੀ ਪ੍ਰਤੀਸ਼ਤ ਵੀ ਲਿਖੀ ਜਾਵੇ। ਇਸ ਸਬੰਧੀ ਸੀ.ਐਮ.ਟੀ. ਸਕੂਲ ਅਧਿਆਪਕਾਂ ਨਾਲ ਸਕੂਲ ਦੀ ਪ੍ਰਗਤੀ ਸਬੰਧੀ ਜ਼ਰੂਰ ਚਰਚਾ ਕਰੇਗਾ।

2.25 ਸਕੂਲ ਦਾ ਮੱਧਵਰਤੀ ਜਾਂਚ ਕਰਨ ਤੋਂ ਬਾਅਦ ਸੀ.ਐਮ.ਟੀ. ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਅਜੇ ਵੀ ਜੇਕਰ ਕੋਈ ਸਕੂਲ ਦਾ ਗਰੇਅ ਏਰੀਆ ਹੈ ਤਾਂ ਇਸ ਬਾਰੇ ਅਧਿਆਪਕਾਂ ਨਾਲ ਚਰਚਾ ਕੀਤੀ ਜਾਵੇ।

2.26 ਸੀ.ਐਮ.ਟੀ. ਜਿਹੜਾ ਟੈਸਟਿੰਗ ਟੂਲ ਸਕੂਲ ਅੰਦਰ ਵਰਤੇਗਾ ਉਸ ਦਾ ਨੰਬਰ ਬਕਾਇਦਾ ਸਕੂਲ ਦੀ ਵਿਜ਼ਟਰ ਬੁੱਕ ਤੇ ਜ਼ਰੂਰ ਲਿਖ ਕੇ ਆਏਗਾ ਕਿ ਮੈਂ ਇੰਨਾ ਨੰਬਰ ਟੈਸਟਿੰਗ ਟੂਲ ਇਸ ਸਕੂਲ ਅੰਦਰ ਵਰਤਿਆ ਹੈ।

2.27 ਸੀ.ਐਮ.ਟੀ. ਟੈਸਟਿੰਗ ਕਰਦੇ ਸਮੇਂ ਸਬੰਧਤ ਮਹਿਲ ਜਾਂ ਜਮਾਤ ਦੇ ਅਧਿਆਪਕਾਂ ਨੂੰ ਆਪਣੇ ਕੋਲ ਬਿਠਾਏਗਾ ਤਾਂ ਜੋ ਬੱਚਿਆਂ ਦੀ ਪ੍ਰਗਤੀ ਦਾ ਅਧਿਆਪਕਾਂ ਨੂੰ ਗਿਆਨ ਹੋ ਸਕੇ ਅਤੇ ਅੰਤਿਮ ਜਾਂਚ ਦੀ ਭਰੋਸੇ ਯੋਗਤਾ ਵਧੇ।

2.28 ਟੈਸਟਿੰਗ ਇਕੱਲੇ ਇਕੱਲੇ ਬੱਚੇ ਦੀ ਕੀਤੀ ਜਾਣੀ ਹੈ। ਇਸ ਨੂੰ ਬੱਚਿਆਂ ਦੇ ਇਕੱਠ ਰੂਪ ਵਿੱਚ ਭਾਵ ਕਿ ਪੂਰੀ ਸ੍ਰੇਣੀ ਜਾਂ ਮਹਿਲ ਦੇ ਬੱਚਿਆਂ ਨੂੰ ਇਕੱਠੇ ਨਹੀਂ ਕਰਨਾ ਹੈ।

2.29 ਟੈਸਟਿੰਗ ਕਰਨ ਤੋਂ ਬਾਅਦ ਸੀ.ਐਮ.ਟੀ. ਪੜ੍ਹੋ ਪੰਜਾਬ ਰਜਿਸਟਰ ਦੇ ਪੰਨਾ ਨੰਬਰ 7 ਅਤੇ 9 ਨੂੰ ਜ਼ਰੂਰ ਭਰਕੇ ਇਸ ਉਤੇ ਆਪਣੇ ਸਕੂਲ ਦਾ ਨਾਂ, ਪੂਰੇ ਦਸਤਖ਼ਤ ਅਤੇ ਮੋਬਾਇਲ ਨੰ. ਜ਼ਰੂਰ ਲਿਖੇਗਾ।

2.30 ਟੈਸਟਿੰਗ ਕਰਨ ਤੋਂ ਬਾਅਦ ਪੜ੍ਹੋ ਪੰਜਾਬ ਰਜਿਸਟਰ ਦਾ ਪੰਨਾ ਨੰ. 7 ਜ਼ਰੂਰ ਫਾੜ ਕੇ ਲਿਆਏਗਾ ਅਤੇ ਇਹ ਪੰਨਾਂ ਜ਼ਿਲ੍ਹਾ ਕੋਆਰਡੀਨੇਟਰ ਅਤੇ ਇਸ ਦੀ ਫੋਟੋ ਕਾਪੀ ਬੀ.ਪੀ.ਈ.ਓ. ਦਫ਼ਤਰ ਜਮ੍ਹਾਂ ਕਰਵਾਏਗਾ।

2.31 ਸੀ.ਐਮ.ਟੀ. ਸਕੂਲ ਦੇ ਬੱਚਿਆਂ ਦੀ ਟੈਸਟਿੰਗ ਕਰਨ ਤੋਂ ਬਾਅਦ ਨਤੀਜਾ ਇਕੱਤਰ ਕਰਦੇ ਸਮੇਂ ਇਸ ਨੂੰ ਸਟੇਟ ਵੱਲੋਂ ਦਿੱਤੇ ਪ੍ਰੋਫ਼ਾਰਮੇ ਤੇ ਇਸ ਨੂੰ ਨਾਲ ਦੀ ਨਾਲ ਭਰ ਲਿਆ ਜਾਵੇ ਅਤੇ ਜਿੱਥੋਂ ਤੱਕ ਸੰਭਵ ਹੋਵੇ ਕਿ ਬੀ.ਐਮ.ਟੀ. ਨਾਲ ਦੀ ਨਾਲ ਸਕੂਲਾਂ ਦਾ ਡਾਟਾ ਬਲਾਕ ਪੱਧਰ ਤੇ ਫੀਡ ਕਰਵਾਉਂਦਾ ਰਹੇ।

2.32 ਸਟੇਟ ਨੂੰ ਜ਼ਿਲ੍ਹੇ ਦਾ ਨਤੀਜਾ ਭੇਜਣ ਸਮੇਂ ਪੂਰੇ ਬਲਾਕਾਂ ਦਾ ਨਤੀਜਾ ਵੀ ਭੇਜਿਆ ਜਾਵੇਗਾ।

2.33 ਜ਼ਿਲ੍ਹਾ ਪੱਧਰ ਦਾ ਮੁਕੰਮਲ ਨਤੀਜਾ ਹਰ ਹਾਲਤ ਵਿੱਚ 05 ਦਸੰਬਰ ਤੱਕ ਤਿਆਰ ਕੀਤਾ ਜਾਵੇਗਾ।

2.34 06 ਦਸੰਬਰ ਨੂੰ ਨਤੀਜਾ ਸਵੇਰੇ 10:00 ਵਜੇ ਤੱਕ ਮੁੱਖ ਦਫ਼ਤਰ ਨੂੰ ਭੇਜਿਆ ਜਾਵੇਗਾ।

2.35 ਜ਼ਿਲ੍ਹਾ ਕੋਆਰਡੀਨੇਟਰ ਆਪਣਾ ਜ਼ਿਲ੍ਹੇ ਦੇ ਅੰਕੜੇ ਇਕੱਤਰ ਕਰਨ ਉਪਰੰਤ ਇਸਦੀ ਸੂਚਨਾ ਮੁੱਖ ਦਫ਼ਤਰ ਨੂੰ ਦੇਵੇਗਾ।

2.36 ਮੁੱਖ ਦਫ਼ਤਰ ਵੱਲੋਂ ਪੂਰੇ ਸਟੇਟ ਦੇ ਨਤੀਜਿਆਂ ਨੂੰ ਘੋਖ਼ਣ ਤੋਂ ਬਾਅਦ ਮੀਡੀਆ ਨੂੰ ਦਿੱਤੇ ਨਤੀਜੇ ਨਸ਼ਰ ਹੋਣ ਤੋਂ ਬਾਅਦ ਹੀ ਜ਼ਿਲ੍ਹਾ ਕੋਆਰਡੀਨੇਟਰ ਵੱਲੋਂ ਹੇਠਲੇ ਪੱਧਰ ਤੇ ਕੋਈ ਖ਼ਬਰ ਦਿੱਤੀ ਜਾਵੇ।

2.37 ਸਮੂਹ ਜ਼ਿਲ੍ਹੇ ਅੰਦਰ ਪੂਰੀ ਪਾਰਦਰਸ਼ਤਾ ਨਾਲ ਬੱਚਿਆਂ ਦੇ ਮੁਲਾਂਕਣ ਅਤੇ ਨਤੀਜੇ ਤਿਆਰ ਕਰਨ ਵਿੱਚ ਸੀ.ਐਮ.ਟੀ/ਬੀ.ਐਮ.ਟੀ. ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਅਤੇ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਦੀ ਪੂਰਨ ਜ਼ਿੰਮੇਵਾਰੀ ਹੋਵੇਗੀ।

2.38 ਸੀ.ਐਮ.ਟੀ. ਦੇ ਕਲੱਸਟਰ ਸਟੇਟ ਦੀਆਂ ਹਦਾਇਤਾਂ ਅਨੁਸਾਰ ਹੀ ਬਦਲੇ ਜਾਣਗੇ। ਜਿਸ ਕਲੱਸਟਰ 'ਚ ਸੀ.ਐਮ.ਟੀ. ਹੁਣ ਕੰਮ ਕਰਦਾ ਹੈ ਇਸ ਦੀ ਜਾਂਚ ਕਿਸੇ ਹੋਰ ਸੀ.ਐਮ.ਟੀ. ਤੋਂ ਕਰਵਾਈ ਜਾਵੇ।

2.39 ਸੀ.ਐਮ.ਟੀ. ਅਤੇ ਬੀ.ਐਮ.ਟੀ. ਜ਼ਿਲ੍ਹਾ ਕੋਆਰਡੀਨੇਟਰ ਦੀ ਪ੍ਰਵਾਨਗੀ ਨਾਲ ਹੀ ਇਕ ਸਕੂਲ ਵਿੱਚ ਇਕੱਠੇ ਹੋ ਸਕਦੇ ਹਨ, ਫਿਰ ਵੀ ਉਹਨਾਂ ਹਾਲਤਾਂ ਅੰਦਰ ਜੇਕਰ ਸਕੂਲ ਦੇ ਬੱਚੇ ਜ਼ਿਆਦਾ ਹਨ ਜਿੰਨ੍ਹਾਂ ਨੂੰ ਸੀ.ਐਮ.ਟੀ/ਪੀ.ਸੀ.ਸੀ. ਇਕ ਦਿਨ ਅੰਦਰ ਜਾਂਚ ਨਹੀਂ ਕਰ ਸਕਦੇ ਤਾਂ ਹੀ ਤਿੰਨਾਂ ਦੀ ਡਿਊਟੀ ਇਕੱਠੀ ਲਗਾਈ ਜਾ ਸਕਦੀ ਹੈ।

2.40 ਜੇਕਰ ਪੜ੍ਹੋ ਪੰਜਾਬ ਦੀ ਟੀਮ ਨੂੰ ਕਿਤੇ ਜਾਂਚ ਪੱਤਰ ਲੀਕ ਹੋਣ ਬਾਰੇ ਸੂਚਨਾ ਹੋਵੇ ਤਾਂ ਉਹ ਲ;ਜਡਭਦਗ ਸਿੰਘ ਏ.ਐਸ.ਪੀ.ਡੀ(ਮੀਡੀਆ) ਦੇ ਮੋਬਾਇਲ ਨੰ. 95920-28120 ਤੇ ਫੋਨ ਮੈਸੇਜ ਕਰਨਗੇ। ਇਸ ਦੀ ਗੁਪਤਤਾ ਰੱਖੀ ਜਾਵੇਗੀ।

2.41 ਟੈਸਟਿੰਗ ਤੋਂ ਬਾਅਦ ਸੀ.ਐਮ.ਟੀ. ਅਧਿਆਪਕਾਂ ਨਾਲ ਗਰੇਅ ਏਰੀਆ ਤੇ ਗੱਲਬਾਤ ਕਰੇਗਾ ਅਤੇ ਗਰੇਅ ਏਰੀਆ ਤੇ ਰੈਮੀਡੀਅਲ ਕੋਚਿੰਗ ਚਲਾਈ ਜਾਵੇਗੀ।

2.42 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਡਾਇਟ ਨੋਡਲ ਅਫ਼ਸਰ ਇਸ ਹੋਣ ਵਾਲੀ ਜਾਂਚ ਦੀ ਲਗਾਤਾਰ ਮੁਨੀਟਰਿੰਗ ਕਰਨਗੇ।

2.43 ਟੈਸਟਿੰਗ ਹੋਣ ਤੋਂ ਬਾਅਦ ਬੱਚਿਆਂ ਦੀ ਹਾਜ਼ਰੀ ਘਟਣੀ ਨਹੀਂ ਚਾਹੀਦੀ। ਇਸ ਗੱਲ ਨੂੰ ਸੀ.ਐਮ.ਟੀ. ਬਕਾਇਦਾ ਮੁਨੀਟਰ ਕਰਨਗੇ।

3.00 ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

ਪਿੱਠਅੰਕਣ ਨੰ. ਉਕਤ/90946 ਮਿਤੀ 11.11.2011

ਉਤਾਰਾ (1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।
(2) ਸਮੂਹ ਡਾਇਟ ਨੋਡਲ ਅਫ਼ਸਰ (ਡਾਇਟ)।
(3) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
(4) ਸਮੂਹ ਸਕੂਲ ਮੁਖੀ (ਵੈੱਬਸਾਇਟ ਰਾਹੀਂ)।

**ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**